# ਗਿਆਨ ਪੋਰਟਲ ਨਾਲ ਡੇਅਰੀ ਬਾਰੇ ਜਾਣਕਾਰੀ ਲੈਣਾ ਹੋਇਆ ਆਸਾਨ

ਡੇਅਰੀ ਖੇਤੀਬਾੜੀ ਦਾ ਇੱਕ ਮਹੱਤਵਪੂਰਨ ਸਹਾਇਕ ਖੇਤਰ ਹੈ ਜਿਸਦੀ ਸਫਲਤਾ ਲਈ ਵਿਗਿਆਨਕ ਗਿਆਨ ਅਤੇ ਮਾਹਰਾਂ ਦੀ ਅਗਵਾਈ ਦੀ ਲੋੜ ਹੁੰਦੀ ਹੈ। ਸਭ ਤੋਂ ਵੱਡੀ ਇਕਹਿਰੀ ਖੇਤੀ ਵਸਤੂ ਹੋਣ ਦੇ ਨਾਤੇ, ਡੇਅਰੀ ਭਾਰਤੀ ਅਰਥਚਾਰੇ ਵਿੱਚ ਲਗਭਗ 4% ਯੋਗਦਾਨ ਪਾਉਂਦੀ ਹੈ।

ਡੇਅਰੀ ਖੇਤਰ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ ਡੀ ਡੀ ਬੀ) ਨੇ ਇਸਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਇੱਕ ਡਿਜੀਟਲ ਮੰਚ ਬਣਾਇਆ ਹੈ। ਐਨ ਡੀ ਡੀ ਬੀ ਨੇ ਸਾਰੇ ਹਿੱਸੇਦਾਰਾਂ ਲਈ ਗਿਆਨ ਨੂੰ ਸਾਂਝਾ, ਹੱਲ ਲੱਭਣ ਲਈ ਵਿਚਾਰ ਵਟਾਂਦਰਾ ਅਤੇ ਅਰਥਪੂਰਨ ਸੰਵਾਦ ਕਰਨ ਲਈ ਡੇਅਰੀ ਨਾਲਜ (ਗਿਆਨ) ਪੋਰਟਲ ਬਣਾਇਆ ਹੈ।

ਇਸ ਪੋਰਟਲ — https://www.dairyknowledge.in — ਉੱਤੇ ਡੇਅਰੀ ਬਾਰੇ ਵਿਆਪਕ ਜਾਣਕਾਰੀ ਹੈ ਜਿਸ ਵਿੱਚ ਪਸ਼ੂ ਪ੍ਰਜਨਣ, ਪਸ਼ੂ ਸਿਹਤ, ਡੇਅਰੀ ਫਾਰਮਿੰਗ ਬਾਰੇ ਸਕੀਮਾਂ ਅਤੇ ਨੀਤੀਆਂ ਅਤੇ ਮਾਹਰਾਂ ਦੇ ਸੁਝਾਅ ਸ਼ਾਮਿਲ ਹਨ। ਇਹ ਡੇਅਰੀ ਸਹਿਕਾਰੀ ਸੰਸਥਾਵਾਂ, ਪੇਸ਼ੇਵਰਾਂ, ਵੈਟਨਰੀ ਅਤੇ ਖੇਤੀਬਾੜੀ ਯੂਨੀਵਰਸਿਟੀਆਂ, ਫੈਕਲਟੀ ਮੈਂਬਰਾਂ, ਖੋਜ ਅਤੇ ਵਿਕਾਸ ਵਿੱਚ ਲੱਗੇ ਰਾਸ਼ਟਰੀ ਅਦਾਰਿਆਂ, ਸਰਕਾਰੀ ਅਹੁਦੇਦਾਰਾਂ ਅਤੇ ਆਪਣੇ ਗਿਆਨ ਨੂੰ ਸਰਗਰਮੀ ਨਾਲ ਸਾਂਝਾ ਕਰਨ ਵਾਲੇ ਸਾਰੇ ਹਿੱਸੇਦਾਰਾਂ ਦੀ ਸੂਝ ਪ੍ਰਦਾਨ ਕਰਦਾ ਹੈ।

ਪੋਰਟਲ ਉਹਨਾਂ ਲਈ ਇੱਕ ਲਾਭਦਾਇਕ ਸਰੋਤ ਹੈ ਜਿਹੜੇ ਡੇਅਰੀ ਸ਼ੁਰੂ ਕਰਨ ਦੇ ਚਾਹਵਾਨ ਜਾਂ ਯੋਜਨਾ ਬਣਾ ਰਹੇ ਹਨ। ਉਹ ਜਾਨਵਰਾਂ ਦੇ ਪ੍ਰਜਨਣ, ਸਿਹਤ ਅਤੇ ਪੋਸਣ, ਕੇਸ ਅਧਿਐਨ ਅਤੇ ਡੇਅਰੀ

ਤਕਨਾਲੋਜੀ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਨ। ਪੋਰਟਲ ਵਿੱਚ ਇੱਕ ਚਰਚਾ ਮੰਚ ਵੀ ਹੈ ਜਿੱਥੇ ਉਪਭੋਗਤਾ ਡੇਅਰੀ ਫਾਰਮਿੰਗ ਨਾਲ ਜੁੜੇ ਲੋਕਾਂ, ਮਾਹਰਾਂ ਅਤੇ ਹੋਰ ਹਿੱਸੇਦਾਰਾਂ ਤੋਂ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕਰ ਸਕਦੇ ਹਨ।

ਪੋਰਟਲ 'ਤੇ ਬਹੁਤ ਸਾਰੇ ਸਰੋਤ ਹਨ ਜਿਹੜੇ ਡੇਅਰੀ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਮਦਦ ਕਰ ਸਕਦੇ ਹਨ ਜਿਨ੍ਹਾਂ ਵਿੱਚ ਡੇਅਰੀ ਅਤੇ ਪਸ਼ੂਆਂ ਬਾਰੇ ਵੀਡੀਓ, ਸਮਾਗਮਾਂ, ਬੈਠਕਾਂ ਅਤੇ ਸਿਖਲਾਈ ਬਾਰੇ ਸੂਚਨਾ, ਆਨਲਾਈਨ ਕਿਤਾਬਾਂ ਅਤੇ ਇਸ ਖੇਤਰ ਵਿੱਚ ਲੱਗੇ ਅਦਾਰਿਆਂ ਅਤੇ ਸਕੀਮਾਂ ਦੇ ਲਿੰਕ ਸ਼ਾਮਲ ਹਨ।

ਪੋਰਟਲ ਵਿੱਚ ਪਸ਼ੂ ਸਿਹਤ, ਡੇਅਰੀ ਤਕਨਾਲੋਜੀ, ਡੇਅਰੀ ਪ੍ਰਬੰਧਨ, ਡੇਅਰੀ ਦਾ ਅਰਥ ਸ਼ਾਸਤਰ ਅਤੇ ਪਸ਼ੂ ਪਾਲਣ ਦੇ ਚੰਗੇ ਵਿਹਾਰਕ ਕਾਰਜਾਂ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਮਾਹਰਾਂ ਦੇ ਲੇਖ ਵੀ ਹਨ।

ਪੋਰਟਲ ਉੱਤੇ ਡੇਅਰੀ ਪਸਾਰ ਦਾ ਵੀ ਇੱਕ ਹਿੱਸਾ ਜਿਸ ਵਿੱਚ ਪਸ਼ੂ ਪ੍ਰਜਨਣ ਅਤੇ ਮਸਨੂਈ ਗਰਭਦਾਨ, ਬਿਮਾਰੀਆਂ ਦੇ ਘਰੇਲੂ ਨੁਸਖ਼ੇ ਅਤੇ ਪਸ਼ੂ ਪੋਸਣ ਬਾਰੇ ਉਪਭੋਗਤਾਵਾਂ ਦੀ ਮਦਦ ਕਰਨ ਲਈ ਕਿਤਾਬਚੇ, ਦਿਸ਼ਾ-ਨਿਰਦੇਸ਼, ਨੇਮਾਵਲੀ ਅਤੇ ਪੋਸਟਰ ਸ਼ਾਮਲ ਹਨ। ਪੋਰਟਲ ਡੇਅਰੀ ਨਾਲ ਜੁੜੇ ਲੋਕਾਂ ਅਤੇ ਇਸ ਗਤੀਵਿਧੀ ਨੂੰ ਅਪਣਾਉਣ ਦੀ ਯੋਜਨਾ ਬਣਾਉਣ ਵਾਲਿਆਂ ਦੇ ਗਿਆਨ ਵਿੱਚ ਵਾਧਾ ਕਰਦਾ ਹੈ।